ਅੱਜ ਦੀ ਆਵਾਜ਼

ਲੋਕ ਭਲਾਈ ਲਈ ਅਫਸਰਸ਼ਾਹੀ ਦੇ ਕੰਮਕਾਜ ਦੀ ਸਮੀਖਿਆ ਸ਼ੁਰੂ- ਬਾਦਲ

☛200 ਕਰੋੜ ਤੋਂ ਵੱਧ ਮਜੀਠਾ ਹਲਕੇ ਦੇ ਵਿਕਾਸ ਕਾਰਜਾਂ ਲਈ ਵਰਤੇ ਜਾ ਚੁੱਕੇ ਹਨ-ਮਜੀਠੀਆ

ਮਜੀਠਾ 28 ਜਨਵਰੀ (ਸ਼ੁਭਾਸ ਮਜੀਠਾ) ਲੋਕਾਂ ਦੀ ਭਲਾਈ ਵਾਸਤੇ ਅਗਲੇ ਕੁਝ ਦਿੱਨਾਂ ਵਿਚ ਕਮਿਸ਼ਨਰ ਨਿਯੁਕਤ ਕਰ ਦਿੱਤੇ ਜਾਣਗੇ ਤੇ ਹਰ ਤਿਮਾਹੀ ਤੇ ਪੁਲਿਸ ਰੀਵਿਊ ਮੀਟਿੰਗ ਹੋਇਆ ਕਰੇਗੀ ਜਿਸ ਵਿਚ ਹਰੇਕ ਜਿਲੇ ਦਾ ਲੇਖਾ ਜੋਖਾ ਕੀਤਾ ਜਾਇਆ ਕਰੇਗਾ ਤੇ ਇਸ ਦਾ ਅਸਰ ਇਸੇ ਸਾਲ 'ਚ ਹੀ ਦੇਖਣ ਨੂੰ ਮਿਲੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉਪ ਮੁੱਖ ਮੰਤਰੀ ਪੰਜਾਬ ਸ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿੱਨ ਮਜੀਠਾ ਵਿਖੇ ਭਾਰੀ ਇਕੱਠ ਨੂੰ ਸੰਬੋਧਨ ਕਰਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਜਿਹੜੀ ਅਖੌਤੀ ਸਿੱਖਾ ਦੀ ਕਾਲੀ ਸੂਚੀ ਬਣਾਈ ਹੋਈ ਹੈ ਉਸ ਦੀ ਸਮੀਖਿਆ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਵਾਸਤੇ 153 ਤਹਿਸੀਲਾਂ ਨੂੰ ਕੰਪਿਊਟਰਾਇਜਡ ਕੀਤਾ ਜਾਵੇਗਾ ਤਾਂ ਜੋ ਮਾਲ ਵਿਭਾਗ ਵਿਚ ਕਿਸਾਨਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਠੱਲ ਪਾਈ ਜਾ ਸਕੇ।ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਹਲਕਾ ਵਿਧਾਇਕ ਸ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਹਲਕੇ ਮਜੀਠੇ ਵਿਚ ਹੁਣ ਤੱਕ ਵਿਕਾਸ ਕਾਰਜਾਂ ਤੇ ਕਰੀਬ 200 ਕਰੋੜ ਰੁਪੈ ਲੱਗ ਚੁੱਕੇ ਹਨ ਜਿਨ੍ਹਾਂ ਵਿਚੋਂ ਜਿਆਦਾਤਰ ਵਿਕਾਸ ਕਾਰਜ ਨੇਪਰੇ ਚੜ ਚੁੱਕੇ ਹਨ ਤੇ ਕੁਝ ਆਉਣ ਵਾਲੇ ਦਿਨਾਂ ਵਿਚ ਮੁਕੰਮਲ ਹੋ ਜਾਣਗੇ। ਉਨ੍ਹਾਂ ਕਿਹਾ ਕਿ ਜਿਆਦਾ ਤਰ ਵਿਧਾਇਕ ਜਾਂ ਮੰਤਰੀ ਆਪਣੇ ਕਾਰਜਕਾਲ ਦੇ ਪਿਛਲੇ ਸਾਲਾਂ ਵਿਚ ਹੀ ਨੀਂਹ ਪੱਥਰ ਰੱਖਦੇ ਹਨ, ਪਰ ਹਲਕਾ ਮਜੀਠਾ ਵਿਚ ਪਹਿਲੇ ਸਾਲ ਵਿਚ ਹੀ ਨੀਂਹ ਪੱਥਰ ਰੱਖੇ ਗਏ ਹਨ ਤੇ ਕਾਰਜਕਾਲ ਵਿਚ ਹੀ ਨੇਪਰੇ ਚੜ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਪੈਂਹਠ ਸਾਲਾਂ ਵਿਚ ਹਲਕਾ ਮਜੀਠਾ ਵਿਚ ਪੰਜ ਬਿਜਲੀ ਘਰ ਲਗਾਏ ਗਏ ਸਨ ਜੋ ਕਿ ਮੈਂ ਆਪਣੇ ਕਾਰਜਕਾਲ ਦੇ ਤਿੰਨ ਸਾਲਾਂ ਵਿਚ ਚਾਰ ਬਿਜਲੀ ਘਰ ਲਗਾ ਕੇ ਲੋਕਾਂ ਨੂੰ ਸਮਰਪਿਤ ਕਰ ਦਿੱਤੇ ਹਨ। ਸ ਬਿਕਰਮ ਸਿੰਘ ਮਜੀਠੀਆ ਨੇ ਇਹ ਵੀ ਕਿਹਾ ਕਿ ਹਲਕਾ ਮਜੀਠਾ ਦੇ ਵਿਕਾਸ ਕਾਰਜਾਂ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਮਜੀਠਾ ਵਿਖੇ ਹੋਈ ਭਰਵੀਂ ਰੈਲੀ ਵਿਚ ਲੋਕਾਂ ਦਾ ਭਰਵਾਂ ਇਕੱਠ ਦੇਖਣ ਯੋਗ ਸੀ ਤੇ ਇਸ ਰੈਲੀ ਦੇ ਸੁਚੱਜੇ ਪ੍ਰਬੰਧ ਮੇਜਰ ਸ਼ਿਵ ਚਰਨ ਸਿੰਘ, ਤਲਬੀਰ ਸਿੰਘ ਗਿੱਲ, ਗਗਨਦੀਪ ਸਿੰਘ ਭਕਨਾ ਸਰਵਨ ਸਿੰਘ ਧੁੰਨ ਦੀ ਦੇਖ ਰੇਖ ਹੇਠ ਕੀਤੇ ਗਏ ਸਨ। ਇਸ ਮੌਕੇ ਸ ਬਾਦਲ ਨਾਲ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ ਬਿਕਰਮ ਸਿੰਘ ਮਜੀਠੀਆ, ਮੈਂਬਰ ਪਾਰਲੀਮੈਂਟ ਨਵਜੋਤ ਸਿੰਘ ਸਿੱਧੂ, ਮੈਂਬਰ ਰਾਜ ਸਭਾ ਰਾਜਮਹਿੰਦਰ ਸਿੰਘ ਮਜੀਠਾ, ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਮਲਕੀਤ ਸਿੰਘ ਏ ਆਰ, ਡਾ ਦਿਲਬੀਰ ਸਿੰਘ ਵੇਰਕਾ, ਵੀਰ ਸਿੰਘ ਲੋਪੋਕੇ, ਸੰਤੋਖ ਸਿੰਘ ਸਮਰਾ, ਹਰਭਜਨ ਸਿੰਘ ਸੁਪਾਰੀਵਿੰਡ, ਪ੍ਰਧਾਨ ਨਗਰ ਕੌਂਸਲ ਮਜੀਠਾ ਸਲਵੰਤ ਸਿੰਘ ਸੇਠ, ਹਰਮਿੰਦਰ ਸਿੰਘ ਢਿਲੋ ਮੀਡੀਆ ਸਲਾਹਕਾਰ, ਐਮ ਡੀ ਹਰਭੁਪਿੰਦਰ ਸਿੰਘ ਸ਼ਾਹ, ਬੀ ਡੀ ਪੀ ਓ ਗੁਰਪ੍ਰਤਾਪ ਸਿੰਘ ਗਿੱਲ, ਤਲਬੀਰ ਸਿੰਘ ਗਿੱਲ, ਬਾਪੂ ਰਘਬੀਰ ਸਿੰਘ, ਤਰਸੇਮ ਸਿੰਘ ਸਿਆਲਕਾ, ਬਾਬਾ ਰਾਮ ਸਿੰਘ, ਜੋਧ ਸਿੰਘ ਸਮਰਾ, ਰਣਜੀਤ ਸਿੰਘ ਵਰਿਆਮ ਨੰਗਲ, ਹਰਨੇਕ ਸਿੰਘ ਕਲੇਰ, ਰਜੇਸ ਕੂਮਾਰ ਲਾਟੀ, ਸਾਰੇ ਕੌਂਸਲਰ ਨਗਰ ਕੌਂਸਲ ਮਜੀਠਾ, ਜੀਤਬਚਨ ਸਿੰਘ, ਬਾਵਾ ਸਿੰਘ ਗੁਮਾਨਪੁਰ, ਹਰਵਿੰਦਰ ਸਿੰਘ ਭੁੱਲਰ, ਰਜਿੰਦਰ ਕੁਮਾਰ ਪੱਪੂ, ਪ੍ਰਧਾਨ ਐਸ ਓ ਆਈ ਗੁਰਸ਼ਰਨ ਸਿੰਘ ਛੀਨਾ, ਉਪਕਾਰ ਸਿੰਘ ਸੰਧੂ, ਕਰਨਲ ਸੰਤੋਖ ਸਿੰਘ, ਸੁਪਰਡੈਂਟ ਜਸਵੰਤ ਸਿੰਘ, ਸਰਵਨ ਸਿੰਘ ਧੁੰਨ, ਗਗਨਦੀਪ ਸਿੰਘ ਭਕਨਾ, ਮੇਜਰ ਸ਼ਿਵ ਚਰਨ, ਰਕੇਸ਼ ਪਰਾਸ਼ਰ, ਐਡਵੋਨਪੋਲ, ਅਜੇਬੀਰਪਾਲ ਸਿੰਘ ਰੰਧਾਵਾ, ਗੁਰਪ੍ਰਤਾਪ ਸਿੰਘ ਟਿੱਕਾ, ਬਲਬੀਰ ਸਿੰਘ ਚੰਦੀ, ਸਰਪੰਚ ਡਾ ਕੁਲਬੀਰ ਸਿੰਘ, ਸਰਪੰਚ ਕੁੰਦਣ ਸਿੰਘ ਵਡਾਲਾ ਡਾ ਤਰਸੇਮ ਸ਼ਰਮਾਂ, ਲਾਡੀ ਭੁੱਲਰ ਆਦਿ ਹਾਜ਼ਰ ਸਨ।

ਉਪ ਮੁੱਖ ਮੰਤਰੀ ਸ ਸੁਖਬੀਰ ਸਿੰਘ ਬਾਦਲ ਨੂੰ ਸਿਰਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕਰਦੇ ਹੋਏ ਮੈਂਬਰ ਰਾਜ ਸਭਾ ਰਾਜਮਹਿੰਦਰ ਸਿੰਘ ਮਜੀਠਾ, ਸਾਬਕਾ ਵਿਧਾਇਕ ਸ ਵਰਿਆਮ ਨੰਗਲ, ਸਮਰਾ, ਪੱਪੂ, ਸਿਆਲਕਾ, ਭਿੰਦ ਸ਼ਾਹ, ਬਾਬਾ ਰਾਮ ਸਿੰਘ ਤੇ ਹੋਰ। ਫੋਟੋ ਸ਼ੁਭਾਸ ਮਜੀਠਾ

ਬੀ.ਜੇ.ਪੀ ਵੱਲੋਂ ਸ੍ਰੀ ਭੈਣੀ ਸਾਹਿਬ ਮੰਡਲ ਦੇ ਸਤਵਿੰਦਰ ਕੂੰਨਰ ਸਰਬਸੰਮਤੀ ਪ੍ਰਧਾਨ ਚੁਣੇ ਮੰਡਲ ਦੇ ਬੂਥਾਂ ਦੇ ਪ੍ਰਧਾਨ ਦੀ ਚੋਣ ਵੀ ਕੀਤੀ

ਕੁਹਾੜਾ 28 ਜਨਵਰੀ (ਗੁਰਨਾਮ) ਭਾਰਤੀ ਜਨਤਾ ਪਾਰਟੀ ਮੰਡਲ ਸ੍ਰੀ ਭੈਣੀ ਸਾਹਿਬ ਲੁਧਿਆਣਾ ਦੀ ਪਾਰਟੀ ਦਫਤਰ ਕਟਾਣੀ ਕਲਾਂ ਵਿੱਚ ਜਰੂਰੀ ਮੀਟਿੰਗ ਹੋਈ ਮੀਟਿੰਗ 'ਚ ਜਿਲ੍ਹਾ ਪ੍ਰਧਾਨ ਸ੍ਰੀ ਪਵਨ ਕੁਮਾਰ ਟਿੰਕੂ, ਰਜਨੀਸ ਬੇਦੀ ਮੰਡਲ ਪ੍ਰਧਾਨ ਖੰਨਾ, ਸਸੀ ਗੋਇਲ ਜਿਲ੍ਹਾ, ਵਾਇਸ ਪ੍ਰਧਾਨ, ਸ੍ਰੀ ਬਲਬੀਰ ਚੰਦ ਕਪਿਲਾ ਜੀ ਪ੍ਰਧਾਨ ਅਨੁਸ਼ਾਸਨੀ ਕਮੇਟੀ ਪੰਜਾਬ ਵਿਸ਼ੇਸ ਤੌਰ ਤੇ ਸ਼ਾਮਿਲ ਹੋਏ। ਮੀਟਿੰਗ 'ਚ ਜਿਲ੍ਹਾ ਸਕੱਤਰ ਸ਼ੀ ਅਜੈ ਸੂਦ ਜੀ ਦੀ ਪ੍ਰਧਾਨਗੀ ਹੇਠ ਚੋਣ ਵਿੱਚ ਸ੍ਰੀ ਭੈਣੀ ਸਾਹਿਬ ਮੰਡਲ ਦੇ ਸ: ਸਤਵਿੰਦਰ ਸਿੰਘ ਕੂੰਨਰ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਇਸ ਸਮੇ ਮੰਡਲ ਸ੍ਰੀ ਭੈਣੀ ਸਾਹਿਬ ਦੇ ਬੂਥਾਂ ਦੇ ਪ੍ਰਧਾਨ ਵੀ ਚੁਣੇ ਗਏ ਜਿਸ ਵਿੱਚ ਬੂਥ ਕੜਿਆਣਾ ਖੁਰਦ ਤੋਂ ਸੁਰਿੰਦਰ ਕੁਮਾਰ, ਭੈਣੀ ਸਾਲੂ ਤੋਂ ਅਵਤਾਰ ਸਿੰਘ, ਚੌਂਤਾਂ ਤੋ ਜੋਗਾ ਸਿੰਘ, ਢੋਲਣਵਾਲ ਤੋਂ ਸੇਵਾ ਿਘ, ਰਤਨਗੜ ਤੋਂ ਪਵਿੱਤਰ ਸਿੰਘ, ਇਕਬਾਲ ਸਿੰਘ, ਕਾਲਸ ਕਲਾਂ ਤੋਂ ਸਰੂਪਾ ਸਿੰਘ, ਮਾਛੀਆਂ ਖੁਰਦ ਤੋਂ ਮਹਿੰਗਾ ਸਿੰਘ, ਜਿਉਣਵਾਲ ਤੋਂ ਹਰਜੀਤ ਸਿੰਘ ਜੀਤਾ, ਪ੍ਰਿਥੀਪੁਰ ਤੋਂ ਡਾ: ਪ੍ਰਕਾਸ ਸਿੰਘ, ਉੱਪੱਲ ਤੋਂ ਜਗਵਿੰਦਰ ਸਿੰਘ, ਪੰਜੇਟਾ ਤੋ ਜੈ ਦੇਵ, ਕੂੰਮ ਕਲਾਂ ਤੋਂ ਰਾਜਿੰਦਰ ਸਿੰਘ, ਭਾਗਪੁਰ ਤੋਂ ਡਾ: ਜਗਤਾਰ ਸਿੰਘ, ਚੱਕ ਸਰਵਣ ਨਾਥ ਤੋ ਗੁਰਮੱਖ ਸਿੰਘ, ਪ੍ਰਤਾਪਗੜ੍ਹ ਤੋ ਕੁਲਦੀਪ ਸਿੰਘ, ਕੋਟ ਗੰਗੂ ਰਾਏ ਤੋਂ ਵਲੈਤੀ ਰਾਮ, ਮੁਲਖ ਰਾਜ, ਕਟਾਣੀ ਕਲਾਂ ਤੋ ਰਾਜ ਭੁਪਿੰਦਰ ਸਿੰਘ, ਛੰਦੜਾਂ ਤੋ ਪ੍ਰਕਾਸ ਰਾਮ, ਤਾਨੀ ਰਾਮ, ਲਾਟੋ ਦਾਨਾ ਤੋ ਰਾਮ ਲੋਕ, ਮਿਆਣੀ ਤੋ ਦਰਸਨ ਸਿੰਘ, ਰਾਈਆਂ ਤੋ ਰਾਜਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਮੰਡਲ ਸਕੱਤਰ ਬੀ.ਜੇ.ਪੀ ਚੁਣੇ ਗਏ। ਇਸ ਮੌਕੇ ਮੰਡਲ ਪ੍ਰਧਾਨ ਸਤਵਿੰਦਰ ਸਿੰਘ ਕੂੰਨਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਾਈ ਕਮਾਂਡ ਵੱਲੋ ਜੋ ਮੈਨੂੰ ਜਿੰਮੇਵਾਰੀ ਸੋਂਪੀ ਹੈ ਪੂਰੀ ਤਨਦੇਹੀ ਨਾਲ ਨਿਭਾਵਾਗਾਂ ਅਤੇ ਪਾਰਟੀ ਦੀਆਂ ਨੀਤੀਆਂ ਪਿੰਡ +ਪਿੰਡ ਪਹੁੰਚਾ ਕੇ ਪਿੰਡ ਪੱਧਰ ਤੇ ਪਾਰਟੀ ਦੀ ਮਜਬੂਤੀ ਹੋਏਗੀ। ਅੰਤ 'ਚ ਸ: ਕੂੰਨਰ ਨੇ ਪਾਰਟੀ ਦੀਆਂ ਉੱਚ ਸਖਸ਼ੀਅਤਾਂ ਅਤੇ ਪਾਰਟੀ ਵਰਕਰਾਂ ਦਾ ਮੀਟਿੰਗ ਸ਼ਾਮਿਲ ਹੋਣ ਤੇ

ਮੰਡਲ ਭੈਣੀ ਸਾਹਿਬ ਦੇ ਪ੍ਰਧਾਨ ਸ: ਸਤਵਿੰਦਰ ਕੂੰਨਰ ਦੇ ਪ੍ਰਧਾਨ ਚੁਣਨ ਤੇ ਬੂਥਾਂ ਦੇ ਨਵੇਂ ਚੁਣੇ ਪ੍ਰਧਾਨ ਦੀ ਝਲਕ। ਤਸਵੀਰ: ਗੁਰਨਾਮ

ਚੈਂਪੀਅਨਸ਼ਿਪ ਮੁਕਾਬਲਿਆਂ ਦਾ ਸ਼ਡਿਊਲ ਜਾਰੀ

ਅੰਮ੍ਰਿਤਸਰ, 28 ਜਨਵਰੀ (ਮੋਤਾ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਇੰਟਰ-ਕਾਲਜ ਕੌਰਫਬਾਲ (ਪੁਰਸ਼ ਅਤੇ ਇਸਤਰੀਆਂ) ਚੈਂਪੀਅਨਸ਼ਿਪ 2009-10 ਦੇ ਲੀਗ ਮੈਚ 8 ਅਤੇ 9 ਫਰਵਰੀ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਹੋਣਗੇ।ਇਸ ਬਾਰੇ ਜਾਣਕਾਰੀ ਦਿੰਦਿਆਂ ਸਪੋਰਟਸ ਡਾਇਰੈਕਟਰ ਡਾ. ਕੰਵਲਜੀਤ ਸਿੰਘ ਨੇ ਦੱਸਿਆ ਕਿ ਇੰਟਰ ਕਾਲਜ ਫੁੱਟਬਾਲ (ਪੁਰਸ਼) ਚੈਂਪੀਅਨਸ਼ਿਪ 2009-10 'ਏ' ਡਿਵੀਜ਼ਨ ਦੇ ਲੀਗ ਮੈਚ 5, 6 ਅਤੇ 7 ਫਰਵਰੀ ਨੂੰ ਜਦੋਂ ਕਿ 'ਬੀ'ਡਵੀਜ਼ਨ ਦੇ ਲੀਗ 15, 16 ਅਤੇ 17 ਫਰਵਰੀ ਨੂੰ ਗੁਰੂ ਨਾਨਕ ਕਾਲਜ ਫਗਵਾੜਾ ਵਿੱਚ ਹੋਣਗੇ। ਉਨ੍ਹਾਂ ਦੱਸਿਆ ਕਿ ਇੰਟਰ ਕਾਲਜ ਬੌਕਸਿੰਗ (ਇਸਤਰੀਆਂ) ਚੈਂਪੀਅਨਸ਼ਿਪ 2009-10 ਮੁਕਾਬਲੇ ਯੂਨੀਵਰਸਿਟੀ ਕੈਂਪਸ ਵਿੱਚ 2 ਫਰਵਰੀ ਨੂੰ ਹੋਣਗੇ। ਇਸੇ ਤਰ੍ਹਾਂ ਇੰਟਰ-ਕਾਲਜ ਬਾਲ ਬੈਡਮਿੰਟਨ (ਇਸਤਰੀਆਂ) ਚੈਂਪੀਅਨਸ਼ਿਪ 2009-10 ਦੇ ਲੀਗ ਮੈਚ ਯੂਨੀਵਰਸਿਟੀ ਕੈਂਪਸ ਵਿੱਚ 4 ਅਤੇ 5 ਫਰਵਰੀ ਨੂੰ ਹੋਣਗੇ।

ਗਣਤੰਤਰ ਦਿਵਸ ਮਨਾਇਆ

ਜਲੰਧਰ, 28 ਜਨਵਰੀ (ਇਕਬਾਲ ਸਿੰਘ)-ਪੰਜਾਬ ਵਿਕਾਸ ਯੂਥ ਕਾਂਗਰਸ ਵੱਲੋਂ ਪਿੰਡ ਭੋਜੋਵਾਲ ਵਿਖੇ ਪੌਦੇ ਲਗਾ ਕੇ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ, ਜੀਵਨ ਸਿੰਘ ਐੱਨ.ਆਰ.ਆਈ., ਅਮਰਜੀਤ ਸਿੰਘ, ਗੋਬਿੰਦ ਸਿੰਘ, ਗੁਰਮੁਖ ਸਿੰਘ, ਵਿਨੈ ਕੁਮਾਰ, ਜੱਸਾ, ਜਿੰਦੂ ਅਤੇ ਪਿੰਡ ਦੇ ਨੌਜਵਾਨਾਂ ਵੱਲੋਂ ਸਕੂਲ ਦੀ ਗਰਾਊਂਡ ਦੁਆਲੇ ਬੂਟੇ ਲਗਾਏ ਗਏ।ਇਸੇ ਤਰ੍ਹਾਂ ਹੀ ਵਿਨੈ ਨਗਰ ਚੱਕ ਹੁਸੈਨਾ ਰੋਡ ਲੰਮਾ ਪਿੰਡ ਵਿੱਚ ਜਨ-ਜਾਗ੍ਰਿਤੀ ਮੰਚ ਵੱਲੋਂ 61ਵਾਂ ਗਣਤੰਤਰਤਾ ਦਿਵਸ ਸਮਾਰੋਹ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਪੰਜਾਬ ਕੇਸਰੀ ਤੋਂ ਸ੍ਰੀ ਵਿਜੈ ਚੋਪੜਾ ਜੀ, ਐੱਮ.ਐੱਲ.ਏ., ਸ੍ਰੀ ਕੇ.ਡੀ. ਭੰਡਾਰੀ ਤੋਂ ਇਲਾਵਾ ਹੋਰ ਬਹੁਤ ਸਾਰੇ ਸ਼ਹਿਰੀ ਲੀਡਰ ਪਹੁੰਚੇ। ਇਸ ਸਮਾਰੋਹ ਵਿੱਚ ਮੋਹਨ ਵਿਹਾਰ ਸਕੂਲ ਅਤੇ ਸਰਵ ਹਿਤਕਾਰੀ ਸਕੂਲ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ ਅਤੇ ਗਣਤੰਤਰਤਾ ਦਿਵਸ ਨਾਲ ਸੰਬੰਧਤ ਸਕਿੱਟਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਪ੍ਰੋਗਰਾਮ ਦੌਰਾਨ ਅਜ਼ਾਦ ਰੰਗ ਮੰਚ ਗੁਰਾਇਆ ਅਤੇ ਡਿਪਟੀ ਰਾਜਾ ਜਲੰਧਰ ਵੱਲੋਂ ਵੀ ਮਹਿੰਗਾਈ ਰਿਸ਼ਵਤ ਖੋਰੀ ਖਿਲਾਫ ਵਿਅੰਗ ਕੱਸੇ।

ਸੋਧ ਪੱਤਰ

ਦਫ਼ਤਰ ਨਗਰ ਕੌਂਸਲ ਅਹਿਮਦਗੜ੍ਹ (ਜ਼ਿਲ੍ਹਾ ਸੰਗਰੂਰ) ਵੱਲੋਂ 23-1-10 ਨੂੰ ਲਗਾਏ ਇਸ਼ਤਿਹਾਰ ਵਿੱਚ ਜਾਇਦਾਦ ਨੰਬਰ 217/6 ਗਲਤ ਛਪ ਗਿਆ ਸੀ ਪਰ ਅਸਲ ਜਾਇਦਾਦ ਨੰਬਰ 181/8 ਹੈ। ਇਸ ਲਈ 217/6 ਦੀ ਜਗ੍ਹਾ ਤੇ ਜਾਇਦਾਦ ਨੰ: 181/8 ਪੜ੍ਹਿਆ ਜਾਵੇ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਕੌਂਸਲ ਅਹਿਮਦਗੜ੍ਹ

ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 28 ਜਨਵਰੀ (ਮੋਤਾ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਪੋਰਟਸ ਵਿਭਾਗ, ਫਿਜ਼ੀਕਲ ਐਜੂਕੇਸ਼ਨ ਵਿਭਾਗ ਅਤੇ ਕੈਂਪਸ ਸਪੋਰਟਸ ਵਿਭਾਗ ਨੇ ਅਰਜਨ ਐਵਾਰਡੀ ਅਤੇ ਲਕਸ਼ਮੀ ਬਾਈ ਨੈਸ਼ਨਲ ਯੂਨੀਵਰਸਿਟੀ ਆਫ ਫਿਜ਼ੀਕਲ ਐਜੂਕੇਸ਼ਨ ਗਵਾਲੀਅਰ ਦੇ ਪਹਿਲੇ ਵਾਈਸ ਚਾਂਸਲਰ ਪ੍ਰੋਫੈਸਰ ਅਜਮੇਰ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਪੋਰਟਸ ਡਾਇਰੈਕਟਰ ਡਾ. ਕੰਵਲਜੀਤ ਸਿੰਘ, ਫਿਜ਼ੀਕਲ ਐਜੂਕੇਸ਼ਨ ਵਿਭਾਗ ਦੇ ਮੁਖੀ ਡਾ. ਸੁਖਦੇਵ ਸਿੰਘ ਅਤੇ ਕੈਂਪਸ ਸਪੋਰਟਸ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਐੱਚ.ਐੱਸ. ਰੰਧਾਵਾ ਨੇ ਕਿਹਾ ਕਿ ਉਹ ਇੱਕ ਮਹਾਨ ਸ਼ਖਸੀਅਤ ਸੀ, ਜਿਸ ਨੇ ਦੇਸ਼ ਵਿੱਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਆਪਣੀ ਸਾਰੀ ਜ਼ਿੰਦਗੀ ਸਮਰਪਿਤ ਕੀਤੀ। ਇਸ ਮੌਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ।

ਅਦਾਲਤੀ ਨੋਟਿਸ

ਦਫਤਰ ਸਬ-ਰਜਿਸਟਰਾਰ ਲੁਧਿਆਣਾ (ਪੱਛਮੀ)

ਨੋਟਿਸ-ਬਨਾਮ ਆਮ ਜਨਤਾ

ਇਸ ਨੋਟਿਸ ਦੁਆਰਾ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਮਰਜੀਤ ਕੌਰ ਸ਼ਾਦ ਪਤਨੀ ਲੇਟ ਜਗਜੀਤ ਸਿੰਘ ਸ਼ਾਦ ਵਾਸੀ 274 ਮਾਡਲ ਟਾਊਨ ਲੁਧਿਆਣਾ ਵੱਲੋਂ ਇੱਕ ਵਸੀਅਤ ਮਿਤੀ 9/10/06 ਨੂੰ ਬਹੱਕ ਪਰਮਜੀਤ ਸਿੰਘ ਵਗੈਰਾ ਲਿਖਵਾਈ ਗਈ ਸੀ, ਵਸੀਅਤ ਕਰਤਾ ਦੀ ਮੌਤ ਮਿਤੀ 6/2/07 ਨੂੰ ਹੋ ਚੁੱਕੀ ਹੈ। ਹੁਣ ਇਹ ਵਸੀਅਤ ਪਰਮਜੀਤ ਸਿੰਘ ਵਗੈਰਾ ਨੇ ਭਾਰਤੀ ਰਜਿਸਟ੍ਰੇਸ਼ਨ ਐਕਟ ਦੀ ਧਾਰਾ 40(1) ਅਧੀਨ ਇਸ ਦਫਤਰ ਵਿੱਚ ਰਜਿਸਟਰਡ ਕਰਨ ਹਿੱਤ ਪੇਸ਼ ਕੀਤੀ ਹੈ। ਜੇ ਕਿਸੇ ਨੂੰ ਇਹ ਵਸੀਅਤ ਰਜਿਸਟਰਡ ਕਰਨ ਵਿੱਚ ਕੋਈ ਇਤਰਾਜ਼ ਹੋਵੇ ਤਾਂ ਇਸ ਨੋਟਿਸ ਦੇ ਛਪਣ ਤੋਂ 15 ਦਿਨ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਪੇਸ਼ ਹੋ ਕੇ ਅਸਾਲਤਨ ਜਾਂ ਵਕਾਲਤਨ ਇਤਰਾਜ਼ ਪੇਸ਼ ਕਰੇ। ਦੱਸੀ ਮਿਆਦ ਗੁਜ਼ਰਨ ਤੋਂ ਬਾਅਦ ਕਿਸੇ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।
ਅੱਜ ਮਿਤੀ 15/1/10 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-
ਸਬ-ਰਜਿਸਟਰਾਰ,
ਲੁਧਿਆਣਾ (ਪੱਛਮੀ)

ਅਦਾਲਤੀ ਨੋਟਿਸ

ਦਫਤਰ ਸਬ-ਰਜਿਸਟਰਾਰ ਲੁਧਿਆਣਾ (ਪੱਛਮੀ)

ਨੋਟਿਸ ਬਨਾਮ-ਆਮ ਜਨਤਾ

ਇਸ ਨੋਟਿਸ ਦੁਆਰਾ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਜਗਜੀਤ ਸਿੰਘ ਸ਼ਾਦ ਪੁੱਤਰ ਹੁਕਮ ਸਿੰਘ ਵਾਸੀ 274 ਮਾਡਲ ਟਾਊਨ ਲੁਧਿਆਣਾ ਵੱਲੋਂ ਇੱਕ ਵਸੀਅਤ ਮਿਤੀ 11/11/98 ਨੂੰ ਬਹੱਕ ਪਰਮਜੀਤ ਸਿੰਘ ਵਗੈਰਾ ਲਿਖਵਾਈ ਗਈ ਸੀ, ਵਸੀਅਤ ਕਰਤਾ ਦੀ ਮੌਤ ਮਿਤੀ 27/2/99 ਨੂੰ ਹੋ ਚੁੱਕੀ ਹੈ। ਹੁਣ ਇਹ ਵਸੀਅਤ ਪਰਮਜੀਤ ਸਿੰਘ ਵਗੈਰਾ ਨੇ ਭਾਰਤੀ ਰਜਿਸਟ੍ਰੇਸ਼ਨ ਐਕਟ ਦੀ ਧਾਰਾ 40(1) ਅਧੀਨ ਇਸ ਦਫਤਰ ਵਿੱਚ ਰਜਿਸਟਰਡ ਕਰਨ ਹਿੱਤ ਪੇਸ਼ ਕੀਤੀ ਹੈ। ਜੇ ਕਿਸੇ ਨੂੰ ਇਹ ਵਸੀਅਤ ਰਜਿਸਟਰਡ ਕਰਨ ਵਿੱਚ ਕੋਈ ਇਤਰਾਜ਼ ਹੋਵੇ ਤਾਂ ਇਸ ਨੋਟਿਸ ਦੇ ਛਪਣ ਤੋਂ 15 ਦਿਨ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਪੇਸ਼ ਹੋ ਕੇ ਅਸਾਲਤਨ ਜਾਂ ਵਕਾਲਤਨ ਇਤਰਾਜ਼ ਪੇਸ਼ ਕਰੇ। ਦੱਸੀ ਮਿਆਦ ਗੁਜ਼ਰਨ ਤੋਂ ਬਾਅਦ ਕਿਸੇ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ।
ਅੱਜ ਮਿਤੀ 15/1/10 ਨੂੰ ਮੇਰੇ ਦਸਤਖਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-
ਸਬ-ਰਜਿਸਟਰਾਰ
ਲੁਧਿਆਣਾ (ਪੱਛਮੀ)

ਸਿੱਖ ਧਰਮ ਦੀ ਵਿਚਾਰਧਾਰਾ ਅਤੇ ਮਾਨਵ ਸੇਵਾ ਦੇ ਆਦਰਸ਼ ਨੂੰ ਲੈ ਕੇ ਕਾਰਜਸ਼ੀਲ ਹੋਣ ਦੀ ਲੋੜ-ਬੱਬੀ ਬਾਦਲ

ਮੁਹਾਲੀ 28 ਜਨਵਰੀ (ਵੀਨਾ ਰਾਜਪੂਤ) ਸਮਾਜਿਕ ਬੁਰਾਈਆਂ ਦੇ ਖਾਤਮੇ ਅਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਮਾਨਵ ਸੇਵਾ ਦੇ ਆਦਰਸ਼ ਨੂੰ ਲੈ ਕੇ ਕਾਰਜਸ਼ੀਲ ਹੋਣ ਦੀ ਲੋੜ ਹੈ। ਇਹ ਵਿਚਾਰ ਆਲ ਇੰਡੀਆ ਯੂਥ ਅਕਾਲੀ ਦਲ ਦੇ ਮੁੱਖ ਬੁਲਾਰੇ ਅਤੇ ਸ਼੍ਰੋਮਣੀ ਅਕਾਲੀ ਦਲ ਸਰਕਲ ਮੁਹਾਲੀ ਦੇ ਪ੍ਰਧਾਨ ਸ. ਹਰਸੁੱਖਇੰਦਰ ਸਿੰਘ ਬੱਬੀ ਬਾਦਲ ਨੇ ਪਿੰਡ ਗੀਗੇ ਮਾਜਰਾ ਵਿਖੇ ਬਾਬਾ ਵਿਧਾਵਾ ਨਾਥ ਅਤੇ ਬਾਬਾ ਮਸਤ ਨਾਥ ਜੀ ਦੀ ਯਾਦ 'ਚ ਪਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਮਨੁੱਖ ਦੇ ਧਰਮ ਤੋਂ ਦੂਰ ਹੋਣ ਕਾਰਨ ਅੱਜ ਸਮੁੱਚੀ ਲੋਕਾਈ ਅੰਦਰ ਟਕਰਾਅ ਦੀ ਸਥਿਤੀ 'ਚ ਵਿਸ਼ਵ ਨੂੰ ਨਵੀਂ ਸੇਧ ਦੀ ਜ਼ਰੂਰਤ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਹ ਸੇਧ ਦੇਣ 'ਚ ਪੂਰੀ ਤਰ੍ਹਾਂ ਸਮਰੱਥ ਹੈ। ਨੌਜਵਾਨ ਅਕਾਲੀ ਆਗੂ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੋਲ ਐਸਾ ਸੋਚ ਪ੍ਰਬੰਧ ਹੈ, ਜਿਹੜਾ ਇਕ ਅਹਿਮ ਭੂਮਿਕਾ ਨਿਭਾਅ ਰਿਹਾਂ ? ਅਤੇ ਸਹੀ ਦਿਸ਼ਾ-ਨਿਰਦੇਸ਼ ਦੇ ਰਿਹਾ ? ਹੈ, ਬਸ ਇਸ ਨੂੰ ਆਪਣੇ ਜੀਵਨ ਤੇ ਲਾਗੂ ਕਰਨ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਗੁਰੂ ਘਰਾਂ ਦੇ ਪ੍ਰਬੰਧ ਨੂੰ ਵੀ ਅਜਿਹੇ ਢੰਗ ਨਾਲ ਵਿਉਂਤਬੰਦ ਕਰਨ ਦੀ ਲੋੜ ਹੈ ਜਿਸ ਨਾਲ ਨਾ ਸਿਰਫ ਸਿੱਖ ਧਰਮ ਦੀ ਵਿਲੱਖਣਤਾ ਕਾਇਮ ਰਹੇ ਸਗੋਂ ਇਸਦਾ ਘੇਰਾ ਵੀ ਹੋਰ ਵਿਸ਼ਾਲ ਹੋਵੇ। ਉਨ੍ਹਾਂ ਕਿਹਾ ਕਿ ਸਮਾਜਿਕ ਜਥੇਬੰਦੀਆ ਤੇ ਰਾਜਸੀ ਪਾਰਟੀਆਂ ਨੂੰ ਸਿਆਸਤ ਤੋਂ ਉਪਰ ਉਠ ਕਿ ਕਿ ਸਿੱਖੀ ਦੇ ਪ੍ਰਚਾਰ ਲਈ ਸਮਾਗਮਾਂ ਦੀ ਰਚਨਾ, ਨਗਰ ਕੀਰਤਨ, ਕੀਰਤਨ ਦਰਬਾਰ, ਸ਼ਬਦ ਗਾਇਨ ਮੁਕਾਬਲੇ ਆਦਿ ਦੇ ਆਯੋਜਨ ਤੋਂ ਇਲਾਵਾ ਸ਼ਹਿਰ ਦੇ ਵਾਤਾਵਰਣ ਨੂੰ ਸਾਫ ਸੁਥਰਾ ਬਣਾਉਣ, ਸਿਹਤ ਸੇਵਾਵਾਂ ਪ੍ਰਦਾਨ ਕਰਵਾਉਣ, ਗਰੀਬ ਅਤੇ ਬੇਸਹਾਰਾ ਬੱਚੀਆਂ ਦੀ ਸ਼ਾਦੀ ਕਰਾਉਣ, ਵਿਦਿਅਕ ਖੇਤਰ ਵਿਚ ਯੋਗਦਾਨ ਪਾਉਣ, ਐਂਬੂਲੈਂਸ, ਗਰੀਬ ਬੱਚਿਆਂ ਨੂੰ ਪੜ੍ਹਨ ਸਮੱਗਰੀ ਮੁਹੱਈਆ ਕਰਵਾਉਣ ਆਦਿ ਵਰਗੇ ਪੁੰਨ ਦੇ ਕੰਮ ਕਰਨ ਲਈ ਵੱਧ ਚੜ੍ਹ ਕਿ ਕੰਮ ਕਰਨਾ ਚਾਹੀਦਾ ਹੈ। ਅੰਤ 'ਚ ਰਵਿੰਦਰ ਸਿੰਘ ਖਾਲਸਾ (ਅਮਲੋਹ) ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਹਾਦਰ ਸਿੰਘ ਸਰਪੰਚ ਗੀਗੇ ਮਾਜਰਾ ਅਤੇ ਹੋਰ ਪੰਤਵੱਤੇ ਸੱਜਣਾਂ ਵੱਲੋਂ ਸ. ਬੱਬੀ ਬਾਦਲ ਨੂੰ ਸਿਰੋਪਾਓ ਬਖ਼ਸ਼ਿਸ਼ ਕਰਕੇ ਸਨਮਾਨਤ ਕੀਤਾ। ਇਸ ਮੌਕੇ ਨੌਜਵਾਨ ਆਗੂ ਮੇਜਰ ਸਿੰਘ ਗੀਗੇ ਮਾਜਰਾ, ਰੇਸ਼ਮ ਸਿੰਘ ਸਰਪੰਚ ਮਨੋਲੀ, ਪਿਆਰਾ ਸਿੰਘ ਗੀਗੇ ਮਾਜਰਾ, ਮਾਨ ਸਿੰਘ ਪੰਚ, ਹਜਾਰਾ ਸਿੰਘ, ਕਮਲਜੀਤ ਸਿੰਘ, ਜਗਤਾਰ ਸਿੰਘ ਦਲਬੀਰ ਸਿੰਘ ਅਤੇ ਪਾਲ ਸਿੰਘ ਕਮੇਟੀ ਮੈਂਬਰਾਂ ਸਮੇਤ ਬਹੁਤ ਸਾਰੀਆਂ ਸਿੱਖ ਸੰਗਤਾਂ ਹਾਜ਼ਰ ਸਨ।

ਆਲ ਇੰਡੀਆ ਯੂਥ ਅਕਾਲੀ ਦਲ ਦੇ ਮੁੱਖ ਬੁਲਾਰੇ ਅਤੇ ਅਤੇ ਸ਼੍ਰੋਮਣੀ ਅਕਾਲੀ ਦਲ ਸਰਕਲ ਮੁਹਾਲੀ ਦੇ ਪ੍ਰਧਾਨ ਸ. ਹਰਸੁੱਖਇੰਦਰ ਸਿੰਘ ਬੱਬੀ ਬਾਦਲ ਨੂੰ ਸਿਰੋਪਾਓ ਬਖਸ਼ਿਸ਼ ਕਰਕੇ ਸਨਮਾਨਤ ਕਰਦੇ ਹੋਏ ਪੰਤਵੱਤੇ ਸੱਜਣ। ਤਸਵੀਰ: ਵੀਨਾ ਰਾਜਪੂਤ

ਦਫ਼ਤਰ ਨਗਰ ਕੌਂਸਲ ਗੋਨਿਆਨਾ (ਬਠਿੰਡਾ)

ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਂਹੀ ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਪਲਾਟ ਰਕਬਾ ਇੱਕ ਕਨਾਲ ਨਜਦੀਕ ਹਨੂਮਾਨ ਮੰਦਿਰ ਨੰਦ ਲਾਲ ਪੁੱਤਰ ਰਾਮ ਦਿਤਾ ਮੱਲ ਨੇ ਰਜਿਸਟਰੀ ਨੰਬਰ 904 ਮਿਤੀ 21-5-75 ਨੂੰ ਖਰੀਦ ਕੀਤਾ ਸੀ। ਇਹ ਕਿ ਨੰਦ ਲਾਲ ਦੀ ਮੌਤ ਮਿਤੀ 10-5-1992 ਨੂੰ ਹੋ ਚੁੱਕੀ ਹੈ ਅਤੇ ਇਸ ਦੀ ਘਰ ਵਾਲੀ ਦੀ ਮੌਤ ਮਿਤੀ 21-12-02 ਨੂੰ ਹੋ ਗਈ ਹੈ ਹੁਣ ਇਸ ਦੇ ਬਣਦੇ ਕਾਨੂੰਨੀ ਵਾਰਸਾਂ ਰਮੇਸ਼ ਕੁਮਾਰ ਬਾਂਸਲ, ਸਤੀਸ਼ ਕੁਮਾਰ ਬਾਂਸਲ, ਅਸ਼ੋਕ ਕੁਮਾਰ ਬਾਂਸਲ, ਸੁਰਿੰਦਰ ਕੁਮਾਰ ਬਾਂਸਲ ਅਤੇ ਵਾਸਦੇਵ ਬਾਂਸਲ ਵੱਲੋਂ ਬਿਆਨ ਹਲਫੀਆ ਨਾਲ ਲਾ ਕੇ ਦਰਖਾਸਤ ਦਿੱਤੀ ਹੈ ਕਿ ਇਹ ਪ੍ਰਾਪਰਟੀ ਨਾਮ ਤੇ ਦਰਜ/ਤਬਦੀਲ ਕੀਤੀ ਜਾਵੇ। ਜੇਕਰ ਇਸ ਪਰਾਪਰਟੀ ਦੀ ਤਬਦੀਲੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਅਖ਼ਬਾਰ ਵਿੱਚ ਛਪਣ ਤੋਂ 30 ਦਿਨਾਂ ਦੇ ਅੰਦਰ ਅੰਦਰ ਦਫ਼ਤਰ ਨਗਰ ਕੌਂਸਲ ਗੋਨਿਆਨਾ ਵਿਖੇ ਪੇਸ਼ ਕਰ ਸਕਦਾ ਹੈ। ਮਿਆਦ ਗੁਜਰਨ ਤੋਂ ਬਾਦ ਕੋਈ ਵੀ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਉਕਤ ਪ੍ਰਾਪਰਟੀ ਨੰਦ ਲਾਲ ਪੁੱਤਰ ਰਾਮ ਦਿੱਤਾ ਮੱਲ ਦੇ ਕਾਨੂੰਨੀ ਵਾਰਸਾਂ ਦੇ ਨਾਮ ਤੇ ਹਾਊਸ ਟੈਕਸ ਮਕਸਦ ਲਈ ਦਰਜ/ਤਬਦੀਲ ਕਰ ਦਿੱਤੀ ਜਾਵੇਗੀ।

ਸਹੀ/-
ਕਾਰਜ ਸਾਧਕ ਅਫਸਰ
ਨਗਰ ਕੌਂਸਲ ਗੋਨਿਆਨਾ।

ਉੱਤਰ ਰੇਲਵੇ

ਟੈਂਡਰ ਸੂਚਨਾ ਨੰ: 4-2009-10 ਮਿਤੀ 20.01.2010

ਉੱਪ ਮੁੱਖ ਇੰਜੀਨੀਅਰ/ਨਿਰਮਾਣ, ਉੱਤਰ ਰੇਲਵੇ, ਜੰਮੂ ਤਵੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੇ ਵੱਲੋਂ ਨਿਮਨਲਿਖਤ ਕੰਮ ਦੇ ਲਈ ਨਿਰਧਾਰਤ ਪ੍ਰੋਫਾਰਮੇ 'ਤੇ ਮੋਹਰਬੰਦ ਖੁੱਲ੍ਹੇ ਟੈਂਡਰਾਂ ਦੀ ਮੰਗ ਕਰਦੇ ਹਨ। ਕੰਮ ਦਾ ਨਾਂਅ : ਯੂ.ਐਸ.ਬੀ.ਆਰ. ਐਲ. ਪ੍ਰਾਜੈਕਟ ਲਈ ਪਤਨੀਟਾਪ ਰੇਲਵੇ ਪਰਿਸਰ ਵਿਚ ਭੂਮੀ ਦੇ ਵਿਕਾਸ ਲਈ ਪਾਰਕਿੰਗ ਸਥਾਨ ਅਤੇ ਰਿਟੇਨਿੰਗ ਵਾਲ ਦਾ ਨਿਰਮਾਣ ਕੰਮ: ਸਰਕੁਲੇਟਿੰਗ ਏਰੀਏ ਦਾ ਰੱਖ-ਰਖਾਵ ਅਤੇ ਗਲਾਸ ਘਰ ਦੇ ਨਿਰਮਾਣ ਲਈ ਕੰਮ ਕਰਨਾ। ਅੰਦਾਜ਼ਨ ਲਾਗਤ : 2241390/- ਰੁਪਏ (ਬਾਈ ਲੱਖ, ਇਕਤਾਲੀ ਹਜ਼ਾਰ, ਤਿੰਨ ਸੌ ਨੱਬੇ ਰੁ:) ਬਿਆਨਾ ਰਕਮ: 44830 ਰੁਪਏ (ਚੁਤਾਲੀ ਹਜ਼ਾਰ ਅੱਠ ਸੌ ਤੀਹ ਰੁਪਏ) ਟੈਂਡਰ ਦਾ ਮੁੱਲ: 3000 ਰੁਪਏ (ਤਿੰਨ ਹਜ਼ਾਰ ਰੁਪਏ) ਡਾਕ ਰਾਹੀਂ ਮੰਗਵਾਉਣ 'ਤੇ 500 ਰੁਪਏ ਵਾਧੂ। ਕੰਮ ਦਾ ਅਰਸਾ: 4 (ਚਾਰ) ਮਹੀਨੇ, ਟੈਂਡਰ ਜਮ੍ਹਾਂ ਕਰਨ ਅਤੇ ਖੁੱਲ੍ਹਣ ਦੀ ਅੰਤਿਮ ਮਿਤੀ ਅਤੇ ਸਮਾਂ: ਮਿਤੀ 04.03.2010 ਨੂੰ 15.00 ਵਜੇ। ਟੈਂਡਰ ਦੀ ਵੈਧਤਾ : ਟੈਂਡਰ ਪਾਉਣ ਦੀ ਮਿਤੀ ਤੋਂ 90 ਦਿਨਾਂ ਤੱਕ। ਟੈਂਡਰ ਪ੍ਰਾਪਤ ਕਰਨ ਦੀ ਮਿਤੀ ਅਤੇ ਸਮਾਂ: 09.02.2010 ਤੋਂ 03.03.2010 ਤੱਕ ਕਿਸੇ ਵੀ ਕੰਮ ਵਾਲੇ ਦਿਨ ਨੂੰ 10.30 ਤੋਂ 15.00 ਵਜੇ ਦੇ ਵਿਚਕਾਰ। ਟੈਂਡਰ ਸੂਚਨਾ ਉੱਤਰ ਰੇਲਵੇ ਦੀ ਵੈਬਸਾਈਟ www.nr.indianrail.gov.in 'ਤੇ ਵੀ ਉਪਲਬੱਧ ਹੈ। ਨੰ. 3 ਡਬਲਿਊ/ਉਪ-ਮੁ. ਇੰਜੀ./ਨਿਰਮਾਣ, ਜੰਮੂ ਤਵੀ ਮਿਤੀ 20.01.2010 627/10

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਟੈਂਡਰ ਸੂਚਨਾ ਨੰ: 3-2009-10 ਮਿਤੀ 20.01.2010

ਉੱਪ ਮੁੱਖ ਇੰਜੀਨੀਅਰ/ਨਿਰਮਾਣ, ਉੱਤਰ ਰੇਲਵੇ, ਜੰਮੂ ਤਵੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੇ ਵੱਲੋਂ ਨਿਮਨਲਿਖਤ ਕੰਮ ਦੇ ਲਈ ਨਿਰਧਾਰਤ ਪ੍ਰੋਫਾਰਮੇ 'ਤੇ ਮੋਹਰਬੰਦ ਖੁੱਲ੍ਹੇ ਟੈਂਡਰਾਂ ਦੀ ਮੰਗ ਕਰਦੇ ਹਨ ਜੋ ਕਿ ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ, ਕਸ਼ਮੀਰੀ ਗੇਟ, ਦਿੱਲੀ ਅਤੇ ਉੱਪ ਮੁੱਖ ਇੰਜੀਨੀਅਰ/ਨਿਰਾਮਣ, ਉੱਤਰ ਰੇਲਵੇ, ਜੰਮੂ ਤਵੀ ਦੇ ਦਫ਼ਤਰ ਤੋਂ 04.03.2010 ਤੱਕ 15.00 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ। ਕੰਮ ਦਾ ਨਾਂਅ : ਸੁਰੰਗ ਨੰ: 8 ਅਤੇ 9 ਦੇ ਉਪਰ ਕਿ: ਮੀ: 27/270 ਤੋਂ 27/300 ਦੇ ਵਿਚਕਾਰ ਬਾਕਸ ਕਲਵਰਟ ਬਣਾ ਕੇ ਅਤੇ ਕਿ: ਮੀ: 26/860 ਤੋਂ ਕਿ. ਮੀ: 27/400 ਦੇ ਵਿਚਕਾਰ ਕੱਟੜਾ ਰਿਆਸੀ ਸੜਕ ਦੇ ਹੇਠਾਂ ਨਾਲਾ ਅਤੇ ਐਪਰਨ ਬਣਾ ਕੇ ਪ੍ਰੋਟੈਕਸ਼ਨ ਕੰਮ ਦਾ ਨਿਰਮਾਣ ਕਰਨਾ। ਅੰਦਾਜ਼ਨ ਲਾਗਤ : 93.11 ਲੱਖ ਰੁਪਏ (ਤਰੰਨਵੇਂ ਲੱਖ ਗਿਆਰਾਂ ਹਜ਼ਾਰ ਰੁ:) ਬਿਆਨਾ ਰਕਮ: ਰੁ: 186220/- ਰੁਪਏ (ਇੱਕ ਲੱਖ ਛਿਆਸੀ ਹਜ਼ਾਰ ਦੋ ਸੌ ਵੀਹ ਰੁਪਏ) ਟੈਂਡਰ ਦਾ ਮੁੱਲ: 5000 ਰੁਪਏ (ਪੰਜ ਹਜ਼ਾਰ ਰੁਪਏ) ਡਾਕ ਰਾਹੀਂ ਮੰਗਵਾਉਣ 'ਤੇ 500 ਰੁਪਏ ਵਾਧੂ ਕੰਮ ਦਾ ਅਰਸਾ: 4 (ਚਾਰ) ਮਹੀਨੇ। ਟੈਂਡਰ ਜਮ੍ਹਾਂ ਕਰਨ ਅਤੇ ਖੁੱਲ੍ਹਣ ਦੀ ਅੰਤਿਮ ਮਿਤੀ ਅਤੇ ਸਮਾਂ: ਮਿਤੀ 04.03.2010 ਨੂੰ 15.00 ਵਜੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ, ਕਸ਼ਮੀਰੀ ਗੇਟ, ਦਿੱਲੀ ਅਤੇ ਉੱਪ ਮੁੱਖ ਇੰਜੀਨੀਅਰ/ਨਿਰਾਮਣ, ਉੱਤਰ ਰੇਲਵੇ, ਜੰਮੂ ਤਵੀ ਦੇ ਦਫ਼ਤਰ ਵਿਚ। ਟੈਂਡਰ ਦੀ ਵੈਧਤਾ : ਟੈਂਡਰ ਪਾਉਣ ਦੀ ਮਿਤੀ ਤੋਂ 90 ਦਿਨਾਂ ਤੱਕ। ਟੈਂਡਰ ਪ੍ਰਾਪਤ ਕਰਨ ਦੀ ਮਿਤੀ ਅਤੇ ਸਮਾਂ: 09.02.2010 ਤੋਂ 03.03.2010 ਤੱਕ ਕਿਸੇ ਵੀ ਕੰਮ ਵਾਲੇ ਦਿਨ ਨੂੰ 10.30 ਵਜੇ ਤੋਂ 15.00 ਵਜੇ ਦੇ ਦਰਮਿਆਨ। ਟੈਂਡਰ ਸੂਚਨਾ ਉੱਤਰ ਰੇਲਵੇ ਦੀ ਵੈਬਸਾਈਟ www.nr.indianrail.gov.in 'ਤੇ ਵੀ ਉਪਲਬੱਧ ਹੈ। ਨੰ. 3 ਡਬਲਿਊ/ਉਪ-ਮੁ. ਇੰਜੀ./ਨਿਰਮਾਣ, ਜੰਮੂ ਤਵੀ ਮਿਤੀ 20.01.2010 629/10

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ
RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਕਲਾਸੀਫਾਈਡ

CHANGE OF NAME

I, Jaswinder Jaswal W/o Amarjit Singh Minhas R/o H.No. 37, New Professor Colony, P.O. P.A.P. Lines Jalandhar Cantt have Changed my Surname as Jaswinder Jaswal to Jaswinder Minhas. All Concerned May Note Please.

I, Hareesh Chander S/o Girdhari Lal R/o Tapa Mandi (Barnala) have Changed my name Hareesh Chander Mittal.

I, Kuldeep Kaur S/o Gurjant Singh R/o V.P.O. Alike, Distt. Bthinda have Changed my name Kuldeep Kaur Dhillon.

I, Harminder Singh S/o Sukhminder Singh R/o V.& P.O. Namolian, Distt. Hoshiarpur, Punjab (India), currently residing at 1220 Hwy 99, Gridley, CA-95948 give notice of my intention to change my name to Harminder Singh Sandhu subject to approval of the Indian High Commission in the United States.

I, Tawinder Kaur D/o Sukhminder Singh, R/o V.& P.O. Namolian, Distt. Hoshiarpur, Punjab (India), currently residing at 1220 Hwy 99, Gridley, CA-95948 give notice of my intention to change my name to Tawinder Kaur Sandhu, subject to approval of the Indian High Commission in the United States.

I, Ajaib Singh S/o Darshan Singh R/o Vill. Fateh Pur, P.O. Fateh Pur Kothi, Hoshiarpur have Changed my name from Ajaib Singh to Ajaib Singh Sahota. Please Note.

I, Jasvir Kaur W/o Jasvir Singh R/o V.P.O. Rurki, Teh. Phillaur, Distt. Jalandhar have Chagned my name from Javir Kaur to Kulwinder Kaur after marriage. Please All Concerned Note.

I, Ram Parkash S/o Sh. Rakha Ram R/o V. Ramu Thiara, P.O. Sahri, Distt. Hoshiarpur (PB.) India have Changed my name from Ram Parkash to Parkash Ram. All Concerned Note Please.

I, Dharamvir S/o Chaman Lal R/o V.P.O. Bir Bansian, Teh. Phillaur, Distt. Jalandhar have Changed my name to Dharmvir. Concerned Note.

I, Rawinder Kaur W/o Sh. Davinder Singh Judge R/o V.P.O.Sahri, P.S. Sadar, Distt. Hoshiarpur (PB.) India have Changed my name from Rawinder Kaur to Ravinder Kaur Judge. All Concerned Note Please.

I, Kashmir Kaur W/o Jagtar Singh Sandhu R/o Vill. Garhi Mahan Singh, P.O. Apra, Teh. Phillaur, Distt. Jalandhar have Changed my name from Kashmir Kaur to Kashmir Kaur Sandhu.

I, Kuldip Kaur W/o Jaswant Singh R/o Vill. Sagarpur, P.O. Nurmahal, Teh. Phillaur, Distt. Jalandhar, PB. India have Changed my name from Kuldip Kaur to Kuldip Kaur Dhillon.

I, Davinder Singh S/o Balbir Singh R/o V.P.O. Nagra, Teh. Phillaur, Distt. Jalandhar, PB. India have Changed my name from Davinder Singh to Davinder Singh Nagra.

I, Jagir Kaur @ Jasbir Kaur W/o Sh. Parmjit Singh R/o V.P.O. Bilga, Teh. Phillaur, Distt. Jalandhar have Changed my name from Jagir Kaur @ Jasbir Kaur to Jasvir Kaur. All Concerned Note.

I, Sukhvinder Kumar S/o Pargat Ram R/o V.P.O. Nangal Shama, Distt. Jalandhar have Changed my name from Sukhvinder Kumar to Sukhvinder Ram. Please Note.

I, Sharanpreet Kaur D/o Sukhbir Singh and W/o Avninderpal Singh Dhaliwal R/o V.P.O. Dehriwal Daroga, Teh. & Distt. Gurdaspur (PB.) have Changed my name from Sharanpreet Kaur to Sharanpreet Kaur Dhaliwal. All Concerned Note It Please.

I, Shally W/o Sonu Kumar R/o Mohalla Khera Maszid, Phagwara (Kapurthala) have Changed my name from Shally to Shalni. Please Note.

I, Suman Chaddha W/o Hari Krishan R/o Suddan Mohalla, Moti Bazaar, Phagwara, Distt. Kapurthala have Changed my name from Suman Chaddha to Suman. Please Note.

I, Hari Krishan Chaddha S/o Dharam Pal R/o Suddan Mohalla, Moti Bazaar, Phagwara, Distt. Kapurthala have Changed my name from Hari Krishan Chaddha to Hari Krishan. Please Note.

I, Mohammad Athar Siddiqui S/o Mohammad Akhlaq R/o V.P.O. Sarhala Ranuan, Distt. Nawanshahr have Changed my name to Mohammad Athar.

I, Sanak S/o Gurmukh Singh S/o Narain Singh R/o Nathupur Dhatal, Distt. Tarn Taran has Changed my name to Sanak Singh. Concerned Note.

ਨਾਮ ਦੀ ਬਦਲੀ

ਮੈਂ ਤਰਜਿੰਦਰ ਕੌਰ ਪਤਨੀ ਬਲਜਿੰਦਰ ਸਿੰਘ ਵਾਸੀ ਤਾਰੂ ਕਾ ਵਾੜਾ, ਬੰਗਾ ਰੋਡ ਫਗਵਾੜਾ ਨੇ ਵਿਆਹ ਪਿਛੋਂ ਆਪਣਾ ਨਾਂਅ ਬਦਲ ਕੇ ਜਸਪ੍ਰੀਤ ਕੌਰ ਬਸਰਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਬਲਜਿੰਦਰ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਤਾਰੂ ਕਾ ਵਾੜਾ, ਬੰਗਾ ਰੋਡ ਫਗਵਾੜਾ ਨੇ ਆਪਣਾ ਨਾਂਅ ਬਦਲ ਕੇ ਬਲਜਿੰਦਰ ਸਿੰਘ ਬਸਰਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਸਤਨਾਮਪ੍ਰੀਤ ਸਿੰਘ ਪੁੱਤਰ ਬਲਜਿੰਦਰ ਸਿੰਘ ਬਸਰਾ ਵਾਸੀ ਤਾਰੂ ਕਾ ਵਾੜਾ, ਬੰਗਾ ਰੋਡ ਫਗਵਾੜਾ ਨੇ ਆਪਣਾ ਨਾਂਅ ਬਦਲ ਕੇ ਸਤਨਾਮਪ੍ਰੀਤ ਸਿੰਘ ਬਸਰਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਓਂਕਾਰ ਦੀਪ ਸਿੰਘ ਪੁੱਤਰ ਬਲਜਿੰਦਰ ਸਿੰਘ ਬਸਰਾ ਵਾਸੀ ਤਾਰੂ ਕਾ ਵਾੜਾ, ਬੰਗਾ ਰੋਡ ਫਗਵਾੜਾ ਨੇ ਆਪਣਾ ਨਾਂਅ ਬਦਲ ਕੇ ਓਂਕਾਰਦੀਪ ਸਿੰਘ ਬਸਰਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਵੀਰਪਾਲ ਭੁੱਲਰ ਪੁੱਤਰੀ ਬਲਜੀਤ ਸਿੰਘ ਅਤੇ ਤਲਾਕ ਸ਼ੁਦਾ ਪਤਨੀ ਹਰਪ੍ਰੀਤ ਸਿੰਘ ਵਾਸੀ ਰਣਜੀਤ ਬਟੀਕ ਗਲੀ ਵਸਾਊ ਮੱਲ ਟੋਕਰੀ ਬਾਜਾਰ ਫਿਰੋਜ਼ਪੁਰ ਸ਼ਹਿਰ ਨੇ ਆਪਣੀ ਨਾਬਾਲਗ ਲੜਕੀ ਨੂਰਾਨੀ ਤੋਂ ਬਦਲ ਕੇ ਨੂਰਾਨੀ ਭੁੱਲਰ ਰੱਖ ਲਿਆ ਹੈ।

ਮੈਂ ਸੁਖਵਿੰਦਰ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਰਖੋਵਾਲ, ਡਾਕਖਾਨਾ ਰਾਮਪੁਰ ਬਿਲੜੋ, ਤਹਿਸੀਲ ਗੜ੍ਹਸ਼ੰਕਰ (ਹੁਸ਼ਿਆਰਪੁਰ) ਨੇ ਆਪਣੇ ਨਾਬਾਲਗ ਲੜਕੇ ਰਾਜਵੀਰ ਸਿੰਘ ਤੋਂ ਬਦਲ ਕੇ ਰਾਜਵੀਰ ਸਿੰਘ ਰਾਣਾ ਰੱਖ ਲਿਆ ਹੈ।

ਮੈਂ ਰਨਵੀਰ ਸਿੰਘ ਪੁੱਤਰ ਹਕੀਕਤ ਸਿੰਘ ਵਾਸੀ ਪਿੰਡ ਬੀਲ੍ਹਾ, ਜ਼ਿਲ੍ਹਾ ਲੁਧਿਆਣਾ ਨੇ ਆਪਣਾ ਨਾਮ ਬਦਲ ਕੇ ਰਨਵੀਰ ਸਿੰਘ ਗਰੇਵਾਲ ਰੱਖ ਲਿਆ ਹੈ।

ਮੈਂ ਦਲਬਾਗ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਕਾਝਲਾ, ਜ਼ਿਲ੍ਹਾ ਰੋਪੜ ਨੇ ਆਪਣਾ ਨਾਂ ਬਦਲੀ ਕਰਕੇ ਦਲਬਾਰਾ ਸਿੰਘ ਰੱਖ ਲਿਆ ਹੈ।

ਬੇਦਖਲੀ ਨੋਟਿਸ

ਮੈਂ ਇਕਬਾਲ ਸਿੰਘ ਪੁੱਤਰ ਸ੍ਰੀ ਗੁਰਬਚਨ ਸਿੰਘ ਵਾਸੀ ਮਕਾਨ ਨੰਬਰ 3145-ਏ, ਰਾਮ ਬਾਗ ਕਲੋਨੀ ਰੂਪਨਗਰ ਦਾ ਰਹਿਣ ਵਾਲਾ ਹਾਂ ਅਤੇ ਸੌਹ ਖਾ ਕੇ ਨਿਮਨਲਿਖਤ ਅਨੁਸਾਰ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਮਨਦੀਪ ਕੌਰ (24 ਸਾਲ) ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅੱਜ ਤੋਂ ਬਾਅਦ ਮੇਰੀ ਪੁੱਤਰੀ ਦਾ ਮੇਰੀ ਕੁੱਲ ਚੱਲ ਅਤੇ ਅਚੱਲ ਜਾਇਦਾਦ ਨਾਲ ਕੋਈ ਹੱਕ ਵਾ ਸਬੰਧ ਨਹੀਂ ਹੋਵੇਗਾ। ਜਿਹੜਾ ਵੀ ਵਿਅਕਤੀ ਮੇਰੀ ਪੁੱਤਰੀ ਨਾਲ ਕੋਈ ਲੈਣ-ਦੇਣ ਵਾ ਰਿਸ਼ਤਾ ਕਾਇਮ ਕਰੇਗਾ ਉਸ ਦੇ ਹਰ ਕਿਸਮ ਦੇ ਨਫ਼ਾ ਨੁਕਸਾਨ ਦਾ ਖੁੱਦ ਜ਼ਿੰਮੇਵਾਰ ਹੋਵੇਗਾ।

ਆਮ ਸੂਚਨਾ

ਇੱਕ AP ਦੀ ਅਰਜੀ ਨੰ: 4976 ਮਿਤੀ 26/12/90 ਗੁਰਮੇਲ ਸਿੰਘ ਪੁੱਤਰ ਕਰਤਾਰ ਸਿੰਘ ਉੱਭਾ ਦੇ ਨਾਮ ਤੇ ਹੈ। ਉਨ੍ਹਾਂ ਦੀ ਮੌਤ ਹੋਣ ਕਾਰਨ ਹੁਣ ਹਰਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ ਉੱਭਾ ਦੇ ਨਾਮ ਕਰਨ ਦੀ ਅਰਜੀ ਆਈ ਹੈ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾਂ ਵਿੱਚ ਨਿਮਨਹਸਤਾਖਰ ਕੋਲ ਕਰ ਸਕਦਾ ਹੈ। ਉਸ ਤੋਂ ਬਾਦ ਨਾਮ ਬਦਲ ਦਿੱਤਾ ਜਾਵੇਗਾ।

ਸਹੀ/-
ਸਹਾਇਕ ਕਾਰਜਕਾਰੀ ਇੰਜੀਨੀਅਰ
ਅਰਧ ਸ਼ਹਿਰੀ ਉਪ ਮੰਡਲ
ਪੰ.ਰਾ.ਬਿ.ਬੋਰਡ ਮੌੜ

ਆਮ ਸੂਚਨਾ

ਗੁਰਮੇਲ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਤਪਾ ਦੇ ਨਾਂ ਉਪਰ 12.5 ਬੀ.ਐਚ.ਪੀ. ਖਾਤਾ ਨੰਬਰ T.P-19-328 ਮੋਟਰ ਚੱਲ ਰਹੀ ਹੈ। ਜਿਸ ਨੂੰ ਬਦਲ ਕੇ ਜਗਰੂਪ ਸਿੰਘ ਪੁੱਤਰ ਸੁੱਚਾ ਸਿੰਘ ਵਸਨੀਕ ਨੇੜੇ ਨਾਨਕਸਰ ਗੁਰਦੁਆਰਾ ਬਰਨਾਲਾ ਦੇ ਨਾਮ ਕੀਤਾ ਜਾ ਰਿਹਾ ਹੈ। ਇਤਰਾਜ 15 ਦਿਨ ਦੇ ਅੰਦਰ ਪੰਜਾਬ ਰਾਜ ਬਿਜਲੀ ਬੋਰਡ ਇਕਾਈ ਤਪਾ ਦੇ ਐਸ.ਡੀ.ਓ. ਦਫ਼ਤਰ ਵਿਖੇ ਲਗਾਇਆ ਜਾ ਸਕਦਾ ਹੈ।